# ਸ਼ੇਖ ਫ਼ਰੀਦ - ਸਬਦ ੯੨

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੨

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥
ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੮੯॥

ਸਾਰ: ਜਿਵੇਂ ਖਜੂਰਾਂ ਪੱਕਣ 'ਤੇ ਆਪਣੀ ਮਿਠਾਸ ਆਪ ਹੀ ਪ੍ਰਗਟ ਕਰਦੀਆਂ ਹਨ, ਇਹ ਭਾਵ ਕੁਦਰਤੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਇਸੇ ਤਰ੍ਹਾਂ, ਜਦੋਂ ਸਰਬਵਿਆਪੀ ਸਤਾ ਦੀ ਜਾਗਰੂਕਤਾ ਚਿੰਤਨ ਅਤੇ ਸਪਸ਼ਟਤਾ ਰਾਹੀਂ ਧੁਰ ਅੰਦਰ ਉਤਰਦੀ ਹੈ, ਤਦੋਂ ਗੰਭੀਰ ਸੂਝ ਦਾ ਵਹਿਣ ਆਪ ਮੁਹਾਰੇ ਵਹਿਣ ਲੱਗਦਾ ਹੈ। ਇਹ ਸੂਝਮਈ ਦ੍ਰਿਸ਼ਟੀ ਸ਼ਹਿਦ ਦੀਆਂ ਧਾਰਾ ਵਾਂਗ ਹੁੰਦੀ ਹੈ, ਮਿੱਠੀ ਅਤੇ ਪਾਲਣਹਾਰੀ। ਇਹ ਦ੍ਰਿਸ਼ਟਾਂਤ ਉਸ ਰੁਪਾਂਤ੍ਰਣਸ਼ੀਲ ਅਵਸਥਾ ਨੂੰ ਦਰਸਾਉਂਦਾ ਹੈ ਜਿੱਥੇ ਸੂਝ ਖੰਡਿਤ ਰੂਪ ਅਤੇ ਜ਼ਬਰੀ ਪ੍ਰਵਾਹ ਨਾ ਹੋ ਕੇ ਇਕ ਦਇਆਮਈ ਸਤਾ ਦੀ ਤਰ੍ਹਾਂ ਕਾਰਜ਼ ਕਰਦੀ ਹੈ, ਜੋ ਸਾਡੇ ਅਤੇ ਦੂਜਿਆਂ ਲਈ ਬਿਬੇਕ ਅਤੇ ਸਪਸ਼ਟਤਾ ਦਾ ਚਾਨਣ ਬਿਖੇਰਦੀ ਹੈ। ਇਹ ਪੱਕਾਪਣ ਰੂਹਾਨੀ ਅਨੁਭਵ ਦੀ ਚਰਮ ਅਵਸਥਾ ਨੂੰ ਦਰਸਾਉਂਦਾ ਹੈ, ਜਿੱਥੇ ਹੋਂਦ ਦਾ ਗੂੜ੍ਹ ਤੱਤ ਖੁਲ੍ਹ ਕੇ ਸਾਹਮਣੇ ਆ ਜਾਂਦਾ ਹੈ।

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥
ਸੇਖ ਫਰੀਦ ਕਹਿੰਦੇ ਹਨ ਕਿ ਜਦੋਂ ਸਰਬ-ਵਿਆਪੀ ਸਤਾ ਦੀ ਸੂਝ ਆਪਣੇ ਸਿਖਰ 'ਤੇ ਪਹੁੰਚ ਜਾਂਦੀ ਹੈ, ਤਾਂ ਸੂਝ, ਪੱਕੀਆਂ ਖਜੂਰਾਂ ਵਾਂਗ, ਅਤੇ ਸ਼ਹਿਦ ਦੀਆਂ ਧਾਰਾਵਾਂ ਵਾਂਗ ਵਹਿੰਦੀ ਹੈ। ਇਹ ਭਾਵ ਰੂਹਾਨੀ ਸੂਝ ਦੇ ਸਿਖਰ ਨੂੰ ਦਰਸਾਉਂਦਾ ਹੈ ਜੋ ਖੁੱਲ੍ਹੇ ਦਿਲ ਨਾਲ ਹੋਂਦ ਦਾ ਤੱਤਸਾਰ ਪ੍ਰਦਾਨ ਕਰਦਾ ਹੈ।

ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੮੯॥
ਜਿਹੜਾ ਦਿਨ ਬੀਤ ਜਾਵੇ, ਸਾਡੀ ਉਮਰ ਦਾ ਸਿਰਫ਼ ਉਹੀ ਹਿੱਸਾ ਸਾਡੇ ਹੱਥਾਂ ਵਿਚ ਹੁੰਦਾ ਹੈ। ਇਹ ਭਾਵ ਸਮੇਂ ਅਤੇ ਮੌਕਿਆਂ ਦੀ ਅਸਲ ਕੀਮਤ ਨੂੰ ਉਜਾਗਰ ਕਰਦਾ ਹੈ; ਇਸ ਲਈ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਜ਼ਿੰਦਗੀ ਦੇ ਤੱਤਸਾਰ ਨੂੰ ਅਪਣਾਈਏ ਅਤੇ ਇਸਦੀ ਕਦਰ ਕਰੀਏ। (੮੯)

ਤੱਤ: ਸ਼ੇਖ ਫ਼ਰੀਦ ਸਾਡਾ ਧਿਆਨ ਇਸ ਤੱਥ ਵੱਲ ਖਿੱਚਦੇ ਹਨ ਕਿ ਹਰ ਬੀਤਦੇ ਦਿਨ ਦੇ ਨਾਲ, ਸਾਡੇ ਜੀਵਨ ਦੇ ਬਹੁਮੁੱਲੇ ਪਲ ਅਤੇ ਮੌਕੇ ਵੀ ਸਾਡੇ ਹੱਥੋਂ ਹੌਲੀ-ਹੌਲੀ ਖਿਸਕਦੇ ਜਾਂਦੇ ਹਨ। ਜਦੋਂ ਕਿ ਰੂਹਾਨੀ ਸੂਝ ਬੇਅੰਤਤਾ ਨਾਲ ਵਹਿੰਦੀ ਰਹਿੰਦੀ ਹੈ, ਪਰ ਮਨੁੱਖੀ ਹੋਂਦ ਹੌਲੀ-ਹੌਲੀ ਫਿੱਕੀ ਪੈ ਜਾਂਦੀ ਹੈ, ਜਿਸ ਕਾਰਣ ਉਨ੍ਹਾਂ ਨੂੰ ਪ੍ਰਾਪਤ ਕਰਨ ਵਾਲੀ ਸਾਡੀ ਯੋਗਤਾ ਵੀ  ਘੱਟ ਜਾਂਦੀ ਹੈ। ਚੜ੍ਹਦਾ ਸੂਰਜ ਆਪਣੇ ਨਾਲ ਸਿਰਫ਼ ਨਵਾਂ ਦਿਨ ਹੀ ਲੈ ਕੀ ਨਹੀਂ ਆਉਂਦਾ ਬਲਕਿ ਉਨ੍ਹਾਂ ਮੌਕਿਆਂ ਨੂੰ ਵੀ ਨਾਲ ਲੈ ਕੇ ਆਉਂਦਾ ਹੈ ਜੋ ਖੁਸ ਜਾਣ 'ਤੇ ਕਦੇ ਵਾਪਸ ਨਹੀਂ ਆਉਂਦੇ। ਇਸ ਲਈ, ਇਹ ਸਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਆਪਣੀ ਭਲਾਈ ਲਈ ਹਰ ਪਲ ਦੀ ਕਦਰ ਕਰਦਿਆਂ ਜੀਵਨ ਦੇ ਤੱਤਸਾਰ ਨੂੰ ਪਛਾਈਏ। ਕਰੀਏ।

---


ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**